
# Year 1 Phonics Screening Check

Information for parents and carers

# ਪਹਿਲੀ ਜਮਾਤ ਦਾ ਫ਼ੋਨਿਕਸ (ਧੁਨੀ ਵਿੱਦਿਆ) ਸਕ੍ਰੀਨਿੰਗ ਚੈੱਕ

ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਜਾਣਕਾਰੀ




## ਫ਼ੋਨਿਕਸ ਕੀ ਹੈ?

ਫ਼ੋਨਿਕਸ ਅੱਖਰਾਂ ਅਤੇ ਆਵਾਜ਼ਾਂ ਵਿਚਕਾਰ ਇਕ ਸਬੰਧ ਹੈ ਅਤੇ ਪੜ੍ਹਨਾ ਸਿੱਖਣ ਵਿੱਚ ਬਹੁਤ ਅਹਿਮ ਹੈ। ਕੁਝ ਬੱਚਿਆਂ ਨੂੰ ਪੜ੍ਹਨਾ ਸਿੱਖਣ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ, ਇਸ ਲਈ ਇਹ ਮਹੱਤਵਪੂਰਨ ਹੈ ਕਿ ਇਨ੍ਹਾਂ ਬੱਚਿਆਂ ਦੀ ਜਲਦੀ ਪਛਾਣ ਕੀਤੀ ਜਾਵੇ। ਇਸ ਤਰੀਕੇ ਨਾਲ, ਅਧਿਆਪਕ ਕਿਸੇ ਵੀ ਵਿਸ਼ੇਸ਼ ਸਹਾਇਤਾ ਲਈ ਯੋਜਨਾ ਬਣਾ ਸਕਦੇ ਹਨ ਜਿਸ ਦੀ ਉਨ੍ਹਾਂ ਨੂੰ ਲੋੜ ਪੈ ਸਕਦੀ ਹੈ।

## ਪਹਿਲੀ ਜਮਾਤ ਦਾ ਫ਼ੋਨਿਕਸ ਸਕ੍ਰੀਨਿੰਗ ਚੈੱਕ ਕੀ ਹੈ?

ਪਹਿਲੀ ਜਮਾਤ ਵਿੱਚ ਫ਼ੋਨਿਕਸ ਸਕ੍ਰੀਨਿੰਗ ਚੈੱਕ ਇਕ ਛੋਟਾ ਰਾਜ-ਵਿਆਪੀ ਮੁਲਾਂਕਣ ਹੈ ਜੋ ਅਧਿਆਪਕਾਂ ਨੂੰ ਦੱਸਦਾ ਹੈ ਕਿ ਤੁਹਾਡਾ ਬੱਚਾ ਫ਼ੋਨਿਕਸ ਵਿੱਚ ਕਿਵੇਂ ਅੱਗੇ ਵੱਧ ਰਿਹਾ ਹੈ। ਇਹ ਸਕ੍ਰੀਨਿੰਗ ਚੈੱਕ ਇਹ ਵੇਖਦਾ ਹੈ ਕਿ ਤੁਹਾਡਾ ਬੱਚਾ ਵੱਖ-ਵੱਖ ਅੱਖਰਾਂ ਦੇ ਸੁਮੇਲਾਂ ਨਾਲ ਅੰਗਰੇਜ਼ੀ ਦੇ ਸ਼ਬਦਾਂ ਨੂੰ ਕਿਵੇਂ ਪੜ੍ਹ ਸਕਦਾ ਹੈ। ਤੁਹਾਡਾ ਬੱਚਾ ਅਧਿਆਪਕ ਦੇ ਨਾਲ ਬੈਠੇਗਾ ਅਤੇ ਉਸ ਨੂੰ ਉੱਚੀ ਆਵਾਜ਼ ਵਿੱਚ 40 ਸ਼ਬਦ ਪੜ੍ਹਨ ਲਈ ਕਿਹਾ ਜਾਵੇਗਾ। ਇਨ੍ਹਾਂ ਸ਼ਬਦਾਂ ਵਿੱਚ 20 ਅਸਲ ਸ਼ਬਦ ਅਤੇ 20 ਬੇ-ਅਰਥੇ ਸ਼ਬਦ ਸ਼ਾਮਲ ਹਨ। ਬੇ-ਅਰਥੇ ਸ਼ਬਦਾਂ ਦਾ ਉਦੇਸ਼ ਇਹ ਵੇਖਣਾ ਹੈ ਕਿ ਕੀ ਵਿਦਿਆਰਥੀ ਕਿਸੇ ਸ਼ਬਦ ਨੂੰ ਪੜ੍ਹਨ ਲਈ ਮਿਸ਼ਰਣ ਦੇ ਆਪਣੇ ਗਿਆਨ ਦੀ ਵਰਤੋਂ ਕਰ ਸਕਦਾ ਹੈ ਨਾ ਕਿ ਉਸ ਸ਼ਬਦ ਨੂੰ ਪਹਿਲਾਂ ਵੇਖੇ ਹੋਣ ਦੀ ਆਪਣੀ ਯਾਦਦਾਸ਼ਤ 'ਤੇ ਨਿਰਭਰ ਕਰਦਾ ਹੈ। ਇਸ ਇਮਤਿਹਾਨ ਵਿੱਚ ਆਮ ਤੌਰ 'ਤੇ 5-7 ਮਿੰਟ ਲੱਗਦੇ ਹਨ। ਜੇ ਤੁਹਾਡਾ ਬੱਚੇ ਨੂੰ ਪੜ੍ਹਣ ਵਿੱਚ ਔਕੜ ਆਉਂਦੀ ਹੈ ਤਾਂ ਅਧਿਆਪਕ ਜਾਂਚ ਨੂੰ ਬੰਦ ਕਰ ਦੇਵੇਗਾ। ਜਾਂਚ ਨੂੰ ਬੜੇ ਧਿਆਨ ਨਾਲ ਤਿਆਰ ਕੀਤਾ ਗਿਆ ਹੈ ਤਾਂ ਜੋ ਇਹ ਤੁਹਾਡੇ ਬੱਚੇ ਲਈ ਤਣਾਅਪੂਰਨ ਨਾ ਹੋਵੇ।

ਪਹਿਲੀ ਜਮਾਤ ਵਿੱਚ ਫ਼ੋਨਿਕਸ ਸਕ੍ਰੀਨਿੰਗ ਚੈੱਕ ਦਾ ਮੁੱਖ ਉਦੇਸ਼ ਤੁਹਾਡੇ ਬੱਚੇ ਦੇ ਅਧਿਆਪਕ ਨੂੰ ਜਾਣਕਾਰੀ ਪ੍ਰਦਾਨ ਕਰਨਾ ਹੈ ਜੋ ਉਹਨਾਂ ਨੂੰ ਤੁਹਾਡੇ ਬੱਚੇ ਦੇ ਸਿੱਖਣ ਦੀ ਯੋਜਨਾ ਬਣਾਉਣ ਦੇ ਯੋਗ ਬਣਾਵੇਗੀ। ਹਰੇਕ ਬੱਚੇ ਦਾ ਅਧਿਆਪਕ ਦੁਆਰਾ ਵਿਅਕਤੀਗਤ ਤੌਰ 'ਤੇ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਪਹਿਲੀ ਜਮਾਤ ਦੇ ਸਾਰੇ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਵੇਗਾ।

## ਫ਼ੋਨਿਕਸ ਮਹੱਤਵਪੂਰਨ ਕਿਉਂ ਹੈ?

ਅੰਗਰੇਜ਼ੀ ਵਿੱਚ ਪੜ੍ਹਨਾ ਅਤੇ ਲਿਖਣਾ ਸਿੱਖਣ ਲਈ ਧੁਨੀ ਦਾ ਗਿਆਨ ਅਤੇ ਹੁਨਰ ਜ਼ਰੂਰੀ ਹਨ। ਸਫ਼ਲ ਹੋਣ ਲਈ, ਵਿਦਿਆਰਥੀਆਂ ਨੂੰ ਇਕੱਲੇ-ਇਕੱਲੇ ਅੱਖਰਾਂ ਜਾਂ ਵੱਖ-ਵੱਖ ਅੱਖਰਾਂ ਦੇ ਸੁਮੇਲਾਂ ਦੁਆਰਾ ਦਰਸਾਈਆਂ ਗਈਆਂ ਆਵਾਜ਼ਾਂ ਸਿੱਖਣ, ਅਤੇ ਸ਼ਬਦਾਂ ਨੂੰ ਪੜ੍ਹਨ ਲਈ ਇਨ੍ਹਾਂ ਆਵਾਜ਼ਾਂ ਨੂੰ ਇਕੱਠੇ ਮਿਲਾਉਣ ਦਾ ਹੁਨਰ ਦੀ ਜ਼ਰੂਰਤ ਹੈ। ਸ਼ੁਰੂਆਤੀ ਪਾਠਕਾਂ ਨੂੰ ਇਹ ਸਿੱਖਣ ਦੀ ਲੋੜ ਹੁੰਦੀ ਹੈ ਕਿ ਸ਼ਬਦਾਂ ਵਿੱਚ ਆਵਾਜ਼ਾਂ ਨੂੰ ਤੇਜ਼ੀ ਨਾਲ ਅਤੇ ਚੰਗੀ ਤਰ੍ਹਾਂ ਕਿਵੇਂ ਮਿਲਾਉਣਾ ਹੈ, ਤਾਂ ਜੋ ਪੜ੍ਹਨ ਦੇ ਪ੍ਰਵਾਹ ਅਤੇ ਪਾਠ ਦੀ ਉਨ੍ਹਾਂ ਦੀ ਸਮਝ ਵਿੱਚ ਵਿਘਨ ਨਾ ਪਵੇ।

ਜੇ ਪਹਿਲੀ ਜਮਾਤ ਵਿੱਚ ਫ਼ੋਨਿਕਸ ਸਕ੍ਰੀਨਿੰਗ ਚੈੱਕ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ।

## ਟੈਲੀਫ਼ੋਨ ਦੁਭਾਸ਼ੀਆ ਸੇਵਾ

ਜੇ ਤੁਹਾਨੂੰ ਸਕੂਲ ਨਾਲ ਸੰਪਰਕ ਕਰਨ ਲਈ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 'ਤੇ ਫ਼ੋਨ ਕਰੋ, ਔਪਰੇਟਰ ਨੂੰ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਲੋੜ ਹੈ ਅਤੇ ਉਹਨਾਂ ਨੂੰ ਸਕੂਲ ਨੂੰ ਫ਼ੋਨ ਕਰਨ ਲਈ ਕਹੋ। ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।